# ਦਫਤਰ ਨਗਰ ਨਿਗਮ ਬਠਿੰਡਾ।

ਨਗਰ ਨਿਗਮ, ਬਠਿੰਡਾ ਦੀ ਫਾਈਨੰਾਸ ਅਤੇ ਕੰਟਰੈਕਟ ਕਮੇਟੀ ਦੀ ਮੀਟਿੰਗ ਮਿਤੀ 21.04.2016 ਨੂੰ ਦੁਪਹਿਰ 12.00 ਵਜੇ ਸ਼੍ਰੀ ਬਲਵੰਤ ਰਾਏ ਨਾਥ, ਮੇਅਰ, ਨਗਰ ਨਿਗਮ, ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਹੇਠ ਲਿਖੇ ਮੈਂਬਰਜ਼ ਨੇ ਹਿੱਸਾ ਲਿਆ।

| ਲੜੀ ਨੰ: | ਨਾਮ |
|---|---|
| 1. | ਸ਼੍ਰੀ ਬਲਵੰਤ ਰਾਏ ਨਾਥ,<br>ਮੇਅਰ |
| 2. | ਸ਼੍ਰੀ ਤਰਸੇਮ ਚੰਦ ਗੋਇਲ<br>ਸੀਨੀਅਰ ਡਿਪਟੀ ਮੇਅਰ |
| 3. | ਸ਼੍ਰੀਮਤੀ ਗੁਰਿੰਦਰਪਾਲ ਕੋਰ ਮਾਂਗਟ<br>ਡਿਪਟੀ ਮੇਅਰ |
| 4. | ਸ਼੍ਰੀ ਨਿਰਮਲ ਸਿੰਘ ਸੰਧੂ, ਕੌਂਸਲਰ<br>ਮੈਂਬਰ ਐਫ.ਐਂਡ ਸੀ.ਸੀ. |
| 5. | ਸ਼੍ਰੀ ਅਨਿਲ ਕੁਮਾਰ ਗਰਗ, ਪੀ.ਸੀ.ਐਸ<br>ਕਮਿਸ਼ਨਰ, ਨਗਰ ਨਿਗਮ, ਬਠਿੰਡਾ। |

s

<table>
<tr><th>ਲੜੀ ਨੰ:</th><th>ਮਤਾ ਨੰ:</th><th><u>ਏਜੰਡਾ ਆਈਟਮ ਨੰ:</u></th><th>ਮਤਾ ਜੋ ਪਾਸ ਹੋਇਆ</th></tr>
<tr><td>1.</td><td>01</td><td><u>ਏਜੰਡਾ ਨੰ: 1</u><br>ਐਫ.ਐਂਡ ਸੀ.ਸੀ. ਦੀ ਮੀਟਿੰਗ ਮਿਤੀ 16.03.2016 ਦੀ ਕਾਰਵਾਈ ਦੀ ਪਕਿਆਈ।</td><td>ਮੀਟਿੰਗ ਮਿਤੀ 16.03.2016 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।</td></tr>
<tr><td>2.</td><td>02</td><td><u>ਏਜੰਡਾ ਨੰ: 2</u><br>ਰਿਪੋਰਟ ਰੈਂਟ ਸ਼ਾਖਾ ਕਿ ਕੰਨਟੀਨ ਵਾਕਿਆ ਦਫਤਰ ਨਗਰ ਨਿਗਮ ਬਠਿੰਡਾ ਦੀ ਖੁੱਲੀ ਬੋਲੀ ਰਾਹੀਂ ਇੱਕ ਸਾਲ (01.04.16 ਤੋਂ 31.03.17 ਤੱਕ) ਦੇ ਸਮੇਂ ਲਈ ਠੇਕੇ ਤੇ ਦੇਣ ਖਾਤਰ ਮਿਤੀ 21.03.2016 ਨੂੰ ਬੋਲੀ ਕਰਵਾਈ ਗਈ ਸੀ। ਸਰਕਾਰੀ ਬੋਲੀ 112000/- ਰੁਪਏ ਸਲਾਨਾ ਰੱਖੀ ਗਈ ਸੀ। ਬੋਲੀ ਵਿੱਚ 3 ਬੋਲੀਕਾਰਾਂ ਨੇ ਹਿੱਸਾ ਲਿਆ। ਸੱਭ ਤੋਂ ਉੱਚੀ ਬੋਲੀ ਸ਼੍ਰੀ ਅਜੈ ਕੁਮਾਰ ਪੁੱਤਰ ਸ਼੍ਰੀ ਉਮ ਪ੍ਰਕਾਸ਼, ਵਾਸੀ # 30768, ਗਲੀ ਨੰਬਰ 4, ਬਠਿੰਡਾ ਨੇ 118000/- ਰੁਪਏ ਦਿੱਤੀ ਗਈ। ਇਸਤੋਂ ਉਪਰ ਹੋਰ ਕੋਈ ਬੋਲੀਕਾਰ ਨੇ ਬੋਲੀ ਨਹੀਂ ਦਿੱਤੀ। ਕਿਉਂ ਜੋ ਕੰਨਟੀਨ ਮਿਤੀ 01.04.2016 ਤੋਂ ਠੇਕੇ ਤੇ ਦਿੱਤੀ ਜਾਣੀ ਹੈ, ਇਸ ਲਈ ਮਾਨਯੋਗ ਮੇਅਰ ਸਾਹਿਬ ਵੱਲੋਂ ਐਫ.ਐਂਡ ਸੀ.ਸੀ. ਪਾਸੋਂ ਪ੍ਰਵਾਨਗੀ ਦੀ ਆਸ ਵਿੱਚ ਮਿਤੀ 30.03.2016 ਨੂੰ ਮੰਨਜ਼ੂਰੀ ਦਿੱਤੀ ਗਈ ਹੈ। ਕੇਸ ਐਫ.ਐਂਡ ਸੀ.ਸੀ. ਦੀ ਜਾਣਕਾਰੀ ਹਿੱਤ।</td><td>ਪ੍ਰਵਾਨ ਹੈ।</td></tr>
<tr><td>3.</td><td>03</td><td><u>ਏਜੰਡਾ ਨੰ: 3</u><br>ਰਿਪੋਰਟ ਰੈਂਟ ਸ਼ਾਖਾ ਕਿ ਦੁਕਾਨ ਨੰਬਰ 19, ਸੈਕੰਡ ਫਲੋਰ, ਵਾਕਿਆ ਗੋਲ ਡਿੱਗੀ ਮਾਰਕੀਟ, ਬਠਿੰਡਾ ਦੀ ਖੁੱਲੀ ਬੋਲੀ ਰਾਹੀਂ ਤਿੰਨ ਸਾਲ ਦੇ ਸਮੇਂ ਲਈ ਠੇਕੇ ਤੇ ਦੇਣ ਖਾਤਰ ਮਿਤੀ 21.03.2016 ਨੂੰ ਬੋਲੀ ਕਰਵਾਈ ਗਈ ਸੀ। ਸਰਕਾਰੀ ਬੋਲੀ 5100/- ਰੁਪਏ ਪ੍ਰਤੀ ਮਾਹ ਰੱਖੀ ਗਈ ਸੀ। ਬੋਲੀ ਵਿੱਚ 4 ਬੋਲੀਕਾਰਾਂ ਨੇ ਹਿੱਸਾ ਲਿਆ। ਸੱਭ ਤੋਂ ਉੱਚੀ ਬੋਲੀ ਸ਼੍ਰੀ ਗੁਰਸੇਵਕ ਸਿੰਘ ਪੁੱਤਰ ਸ਼੍ਰੀ ਦਰਸ਼ਨ ਸਿੰਘ, ਵਾਸੀ ਪਿੰਡ ਤੇ ਡਾਕਖਾਨਾ ਲਹਿਰਾ ਬੇਗਾ, ਬਠਿੰਡਾ ਵੱਲੋਂ 6600/- ਰੁਪਏ ਪ੍ਰਤੀ ਮਹੀਨਾ ਦਿੱਤੀ ਗਈ ਕਿਉਂ ਜੋ ਦੁਕਾਨ ਮਿਤੀ 01.04.2016 ਤੋਂ ਠੇਕੇ ਤੇ ਦਿੱਤੀ ਜਾਣੀ ਹੈ, ਇਸ ਲਈ ਮਾਨਯੋਗ ਮੇਅਰ ਸਾਹਿਬ ਵੱਲੋਂ ਐਫ.ਐਂਡ ਸੀ.ਸੀ. ਪਾਸੋਂ ਪ੍ਰਵਾਨਗੀ ਦੀ ਆਸ ਵਿੱਚ ਮਿਤੀ 30.03.2016 ਨੂੰ ਮੰਨਜ਼ੂਰੀ ਦਿੱਤੀ ਗਈ ਹੈ। ਕੇਸ ਐਫ.ਐਂਡ ਸੀ.ਸੀ. ਦੀ ਜਾਣਕਾਰੀ ਹਿੱਤ।</td><td>ਪ੍ਰਵਾਨ ਹੈ।</td></tr>
<tr><td>4.</td><td>04</td><td><u>ਏਜੰਡਾ ਨੰ: 4</u><br>ਰਿਪੋਰਟ ਸਟਰੀਟ ਲਾਈਟ ਸ਼ਾਖਾ ਕਿ ਸਪਲਾਈ ਆਫ ਮਟੀਰਿਅਲ ਫਾਰ ਸਟਰੀਟ ਲਾਈਟ ਦੇ ਮੁਬਲਿਗ 47.85 ਲੱਖ ਰੁਪਏ ਦੇ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਮਿਤੀ 17.03.2016 ਨੂੰ ਟੈਂਡਰ ਮੰਗੇ ਗਏ ਸਨ। ਇਸ ਕੰਮ ਬਾਬਤ ਪੰਜ ਟੈਂਡਰ ਪ੍ਰਾਪਤ ਹੋਏ ਹਨ। ਇਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ</th></tr>
<tr><td>1</td><td>ਸ਼੍ਰੀ ਦਵਿੰਦਰ ਕੁਮਾਰ ਠੇਕੇਦਾਰ</td><td>(-) 32.75%</td><td>3217912/-</td></tr>
<tr><td>2.</td><td>ਗੁਰੂ ਨਾਨਕ ਇਲੈਕਟ੍ਰਿਕ ਕੰਪਨੀ</td><td>(-) 36.85%</td><td>3021727/-</td></tr>
<tr><td>3.</td><td>ਕਰਾਚੀ ਇੰਜੀਨੀਅਰਜ਼ ਅੰਮ੍ਰਿਤਸਰ</td><td>(-) 26.11%</td><td>3535636/-</td></tr>
<tr><td>4.</td><td>ਮੈਸ: ਐਮ.ਐਸ. ਐਂਟਰਪ੍ਰਾਇਜ਼ਜ਼, ਹੁਸ਼ਿਆਰਪੁਰ</td><td>(-) 31.13%</td><td>3295668/-</td></tr>
<tr><td>5.</td><td>ਸ਼੍ਰੀ ਸੀਤਾ ਰਾਮ ਠੇਕੇਦਾਰ</td><td>(-) 42.25%</td><td>2763337/-</td></tr>
</table></td><td>ਪ੍ਰਵਾਨ ਹੈ।<br>ਮਜ਼ੀਦ ਪਾਸ ਕੀਤਾ ਗਿਆ ਕਿ ਸਮਾਨ ਦੀ ਖਰੀਦ ਉਪਰੰਤ ਸਮਾਨ ਦੀ ਮਾਤਰਾ ਅਤੇ ਕਵਾਲਟੀ ਚੈਕ ਕਰਨ ਖਾਤਰ ਹੇਠ ਲਿਖੇ ਅਨੁਸਾਰ ਚਾਰ ਮੈਂਬਰੀ ਕਮੇਟੀ ਬਣਾਈ ਜਾਂਦੀ ਹੈ। ਕਮੇਟੀ ਵੱਲੋਂ ਤਸਦੀਕ ਕਰਨ ਉਪਰੰਤ ਹੀ ਸਮਾਨ ਸਟੋਰ ਵਿੱਚ ਦਾਖਲ ਕੀਤਾ ਜਾਵੇ:-<br>1. ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ, ਮੈਂਬਰ ਐਫ.ਐਂਡ ਸੀ.ਸੀ.<br>2. ਸ਼੍ਰੀ ਨਿਰਮਲ ਸਿੰਘ ਸੰਧੂ, ਮੈਂਬਰ ਐਫ.ਐਂਡ ਸੀ.ਸੀ.</td></tr>
</table>

<table>
<tr><td></td><td></td><td>ਉਪਰੋਕਤ ਟੈਂਡਰਾਂ ਵਿੱਚੋਂ ਸ਼੍ਰੀ ਸੀਤਾ ਰਾਮ ਠੇਕੇਦਾਰ ਦੇ ਰੇਟ ਸੱਭ ਤੋਂ ਘੱਟ ਹਨ। ਠੇਕੇਦਾਰ ਨੇ 47.85 ਲੱਖ ਰੁਪਏ ਦੇ ਮੁਕਾਬਲੇ 2763337/- ਰੁਪਏ ਦੀ ਮੰਗ ਕੀਤੀ ਹੈ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>3. ਸ਼੍ਰੀ ਰਬਿੰਦਰ ਕੁਮਾਰ ਸਿੰਗਲਾ, ਨਿਗਮ ਇੰਜੀਨੀਅਰ<br>4. ਸ਼੍ਰੀ ਮੱਖਣ ਬਾਂਸਲ, ਸੁਪਰਡੈਂਟ</td></tr>
<tr><td>5.</td><td>05</td><td><u>ਏਜੰਡਾ ਨੰ: 5</u><br>ਰਿਪੋਰਟ ਵਰਕਸ ਸ਼ਾਖਾ ਕਿ ਰੇਜ਼ਿੰਗ ਆਫ ਸਟਰੀਟ ਨੰਬਰ 8 ਗਨੇਸ਼ਾ ਬਸਤੀ ਵਾਰਡ ਨੰਬਰ 20 ਦੇ ਮੁਬਲਿਗ 10.03 ਲੱਖ ਰੁਪਏ ਦੇ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਮਿਤੀ 17.03.2016 ਨੂੰ ਟੈਂਡਰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ ਸਿਰਫ ਇੱਕ ਹੀ ਟੈਂਡਰ ਪ੍ਰਾਪਤ ਹੋਇਆ ਹੈ। ਇਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ</th></tr>
<tr><td>1</td><td>ਸ਼੍ਰੀ ਜਗਜੀਤ ਸਿੰਘ ਠੇਕੇਦਾਰ</td><td>(-) 3.01%</td><td>972809/-</td></tr>
</table>
ਉਪਰੋਕਤ ਟੈਂਡਰ ਵਿੱਚ ਸ਼੍ਰੀ ਜਗਜੀਤ ਸਿੰਘ ਠੇਕੇਦਾਰ ਦਾ ਰੇਟ ਐਸਟੀਮੇਟ ਤੋਂ ਘੱਟ ਹੈ। ਫਰਮ ਇਹ ਕੰਮ 1003000/- ਰੁਪਏ ਦੇ ਮੁਕਾਬਲੇ 972809/- ਰੁਪਏ ਵਿੱਚ ਕਰਨ ਲਈ ਤਿਆਰ ਹੈ।ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਇਸ ਸਬੰਧੀ ਠੇਕੇਦਾਰ ਨੂੰ ਮੀਟਿੰਗ ਵਿੱਚ ਬੁਲਾ ਕੇ ਆਪਣੇ ਰੇਟਾਂ ਤੇ ਫਿਰ ਤੋਂ ਵਿਚਾਰ ਕਰਨ ਲਈ ਕਿਹਾ ਗਿਆ। ਠੇਕੇਦਾਰ ਨੇ ਆਪਣੇ ਰੇਟ (-) 3.01% ਤੋਂ ਘਟਾ ਕੇ (-) 5% ਘੱਟ ਕਰਦੇ ਹੋਏ ਕੰਮ ਕਰਨ ਦੀ ਲਿਖਤੀ ਰੂਪ ਵਿੱਚ ਸਹਿਮਤੀ ਦਿੱਤੀ ਗਈ। ਇਹਨਾਂ ਰੇਟਾਂ ਤੇ ਕੰਮ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।</td></tr>
<tr><td>6.</td><td>06</td><td><u>ਏਜੰਡਾ ਨੰ: 6</u><br>ਰਿਪੋਰਟ ਵਰਕਸ ਸ਼ਾਖਾ ਕਿ ਸ/ਲ 20 ਐਮ.ਐਮ ਥਿੱਕ ਪੀ.ਸੀ. ਇਨ ਗਨੇਸ਼ਾ ਬਸਤੀ ਸਟਰੀਟਸ, ਵਾਰਡ ਨੰਬਰ 21 ਦੇ ਮੁਬਲਿਗ 45.98 ਲੱਖ ਰੁਪਏ ਦੇ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਮਿਤੀ 17.03.2016 ਨੂੰ ਟੈਂਡਰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ ਸਿਰਫ ਇੱਕ ਹੀ ਟੈਂਡਰ ਪ੍ਰਾਪਤ ਹੋਇਆ ਹੈ। ਇਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ</th></tr>
<tr><td>1</td><td>ਸ਼੍ਰੀ ਜਗਜੀਤ ਸਿੰਘ ਠੇਕੇਦਾਰ</td><td>(-) 3.01%</td><td>4459600/-</td></tr>
</table>
ਉਪਰੋਕਤ ਟੈਂਡਰ ਵਿੱਚ ਸ਼੍ਰੀ ਜਗਜੀਤ ਸਿੰਘ ਠੇਕੇਦਾਰ ਦਾ ਰੇਟ ਐਸਟੀਮੇਟ ਤੋਂ ਘੱਟ ਹੈ। ਫਰਮ ਇਹ ਕੰਮ 4598000/- ਰੁਪਏ ਦੇ ਮੁਕਾਬਲੇ 4459600/- ਰੁਪਏ ਵਿੱਚ ਕਰਨ ਲਈ ਤਿਆਰ ਹੈ।ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਇਸ ਸਬੰਧੀ ਠੇਕੇਦਾਰ ਨੂੰ ਮੀਟਿੰਗ ਵਿੱਚ ਬੁਲਾ ਕੇ ਆਪਣੇ ਰੇਟਾਂ ਤੇ ਫਿਰ ਤੋਂ ਵਿਚਾਰ ਕਰਨ ਲਈ ਕਿਹਾ ਗਿਆ। ਠੇਕੇਦਾਰ ਨੇ ਆਪਣੇ ਰੇਟ (-) 3.01% ਤੋਂ ਘਟਾ ਕੇ (-) 5% ਘੱਟ ਕਰਦੇ ਹੋਏ ਕੰਮ ਕਰਨ ਦੀ ਲਿਖਤੀ ਰੂਪ ਵਿੱਚ ਸਹਿਮਤੀ ਦਿੱਤੀ ਗਈ। ਇਹਨਾਂ ਰੇਟਾਂ ਤੇ ਕੰਮ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।</td></tr>
<tr><td>7.</td><td>07</td><td><u>ਏਜੰਡਾ ਨੰ: 7</u><br>ਰਿਪੋਰਟ ਬਾਗਬਾਨੀ ਸ਼ਾਖਾ ਕਿ ਸਪਲਾਈ ਆਫ ਗਾਰਡਨ ਬੈਂਚਜ਼ ਦੇ ਮੁਬਲਿਗ 9.29 ਲੱਖ ਰੁਪਏ ਦੇ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਮਿਤੀ 17.03.2016 ਨੂੰ ਟੈਂਡਰ ਮੰਗੇ ਗਏ ਸਨ। ਇਸ ਕੰਮ ਬਾਬਤ 6 ਟੈਂਡਰ ਪ੍ਰਾਪਤ ਹੋਏ ਹਨ। ਇਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ</th></tr>
<tr><td>1</td><td>ਮੈਸ: ਬਠਿੰਡਾ ਐਂਟਰਪ੍ਰਾਇਜਜ਼</td><td>(-) 37.90%</td><td>576909/-</td></tr>
<tr><td>2.</td><td>ਮੈਸ: ਡੋਪਨ ਇੰਜੀਨੀਅਰਜ਼</td><td>(-) 35.20%</td><td>601992/-</td></tr>
<tr><td>3.</td><td>ਕੱਕੜ ਐਲਾਇੰਸਜ਼</td><td>(-) 30.00%</td><td>650300/-</td></tr>
<tr><td>4.</td><td>ਕੱਕੜ ਫੈਬਰੀਕੇਟਰਜ਼</td><td>(-) 31.10%</td><td>640081/-</td></tr>
</table></td><td></td></tr>
</table>

| | | | |
|---|---|---|---|
| | | <table><tr><td>5.</td><td>ਸ਼੍ਰੀ ਸੀਤਾ ਰਾਮ ਠੇਕੇਦਾਰ</td><td>(-) 14.25%</td><td>796617/-</td></tr><tr><td>6.</td><td>ਸ਼੍ਰੀ ਸੁਮੀਤ ਗਰਗ ਠੇਕੇਦਾਰ</td><td>(-) 33.34%</td><td>619271/-</td></tr></table> ਉਪਰੋਕਤ ਟੈਂਡਰਾਂ ਵਿੱਚੋਂ ਮੈਸ: ਬਠਿੰਡਾ ਐਂਟਰਪ੍ਰਾਇਜ਼ਜ਼ ਦੇ ਰੇਟ ਸੱਭ ਤੋਂ ਘੱਟ ਹਨ। ਫਰਮ ਇਹ ਕੰਮ 9.29 ਲੱਖ ਰੁਪਏ ਦੇ ਮੁਕਾਬਲੇ 576909/- ਰੁਪਏ ਵਿੱਚ ਕਰਨ ਲਈ ਤਿਆਰ ਹੈ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਪ੍ਰਵਾਨ ਹੈ।** |
| 8. | 08 | **ਏਜੰਡਾ ਨੰ: 8**<br>ਰਿਪੋਰਟ ਵਰਕਸ ਸ਼ਾਖਾ ਕਿ ਲੇਇੰਗ ਓਪਨ ਗਰੇਡਡ ਪੀ.ਸੀ. ਇਨ ਪ੍ਰਤਾਪ ਨਗਰ ਸਟਰੀਟ ਨੰਬਰ 21,22 ਐਂਡ ਐਡਜੁਆਇਨਿੰਗ ਸਟਰੀਟਸ ਦੇ ਤਖਮੀਨੇ ਮੁਬਲਿਗ 33.07 ਲੱਖ ਰੁਪਏ ਸਬੰਧ ਵਿੱਚ ਪਰਸ ਰਾਮ ਨਗਰ ਦੇ ਵਸਨੀਕਾਂ ਦੀ ਮੰਗ ਤੇ ਮੇਨ ਪਰਸ ਰਾਮ ਨਗਰ ਰੋਡ ਨੂੰ ਦੁਕਾਨਦਾਰਾਂ ਦੀ ਸਹਿਮਤੀ ਨਾਲ ਉਹਨਾਂ ਦੇ ਰੈਂਪਾਂ, ਥੜ੍ਹਿਆਂ ਆਦਿ ਨੂੰ ਤੋੜ੍ਹ ਕੇ ਇੰਟਰਲਾਕਿੰਗ ਟਾਈਲਾਂ ਲਗਾ ਕੇ ਚੋੜ੍ਹਾ ਕੀਤਾ ਜਾਣਾ ਹੈ। ਕਿਉਂਕਿ ਇਸ ਸੜ੍ਹਕ ਉਪਰ ਟ੍ਰੈਫਿਕ ਦੀ ਬਹੁਤ ਜਿਆਦਾ ਪਰੇਸ਼ਾਨੀ ਆ ਰਹੀ ਹੈ। ਕੰਮ ਦੀ ਮਹਤੱਤਾ ਨੂੰ ਮੁੱਖ ਰਖਦੇ ਹੋਏ ਉਪਰੋਕਤ ਤਖਮੀਨੇ ਵਿੱਚੋਂ ਕੰਮ ਕਰਵਾਇਆ ਜਾ ਸਕਦਾ ਹੈ। ਮੌਕੇ ਉਪਰ ਬਣੇ ਹੋਏ ਰੈਂਪ ਅਤੇ ਮੌਜੂਦਾ ਨਾਲੀ ਨੂੰ ਡਿਸਮੈਂਟਲ ਕਰਕੇ ਨਵੀਂ ਪੀ.ਵੀ.ਸੀ. ਪਾਈਪ ਲਾਈਨ ਪਾ ਕੇ ਪਾਣੀ ਦੀ ਨਿਕਾਸੀ ਕੀਤੀ ਜਾਵੇਗੀ ਅਤੇ ਚੌੜ੍ਹਾ ਕੀਤੇ ਜਾਣ ਵਾਲੇ ਹਿੱਸੇ ਵਿੱਚ ਇੰਟਰਲਾਕਿੰਗ ਟਾਈਲਾਂ ਲਗਾਈਆਂ ਜਾਣਗੀਆਂ। ਸੜ੍ਹਕ ਨੂੰ ਚੋੜ੍ਹਾ ਕਰਨ ਸਮੇਂ ਵਾਟਰ ਸਪਲਾਈ ਕੁਨੈਕਸ਼ਨ, ਸੀਵਰ ਕੁਨੈਕਸ਼ਨ, ਸੀਵਰ ਦੀਆਂ ਹੋਦੀਆਂ ਦੀ ਰਿਪੇਅਰ ਕਰਨੀ ਅਤੇ ਨਵੀਆਂ ਬਨਾਉਣੀਆਂ ਪੈਣਗੀਆਂ। ਇਸਤੋਂ ਇਲਾਵਾ ਰੈਂਪ ਅਤੇ ਥੜ੍ਹੇ ਆਦਿ ਵੀ ਰਿਪੇਅਰ ਕਰਨੇ ਹੋਣਗੇ। ਉਪਰੋਕਤ ਤਖਮੀਨੇ ਵਿੱਚੋਂ ਅਜੇ ਕੰਮ ਹੋਣਾ ਬਾਕੀ ਹੈ। ਇਸ ਲਈ ਇਹ ਕੰਮ ਜਿਸਤੇ ਅੰਦਾਜ਼ਨ 19.00 ਲੱਖ ਰੁਪਏ ਖਰਚ ਆਉਣ ਦਾ ਅਨੁਮਾਨ ਹੈ। ਇਸ ਸਬੰਧੀ ਰਿਪੋਰਟ ਕੀਤੀ ਗਈ ਹੈ ਕਿ "Total work order amount of this work is 31.05 lacs. Uptil now work done Rs. 12.42 lacs. Remaining scope Rs. 18.63 lacs. So, the work of widening of road, which is likely to be completed with expenditure of Rs. 19.00 lacs may be allowed to be done from this work with expenditure upto 10% more then tender cost which is allowed as per rules". ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਲੇਇੰਗ ਓਪਨ ਗਰੇਡਡ ਪੀ.ਸੀ. ਇਨ ਪ੍ਰਤਾਪ ਨਗਰ ਸਟਰੀਟ ਨੰਬਰ 21,22 ਐਂਡ ਐਡਜੁਆਇਨਿੰਗ ਸਟਰੀਟਸ ਦੇ ਤਖਮੀਨੇ ਮੁਬਲਿਗ 33.07 ਲੱਖ ਰੁਪਏ ਵਿੱਚੋਂ ਬਚਦੀ ਰਕਮ ਦਾ ਹੀ ਕੰਮ ਕਰਵਾਉਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।** |
| 9. | 09 | **ਏਜੰਡਾ ਨੰ: 9**<br>ਰਿਪੋਰਟ ਵਰਕਸ ਸ਼ਾਖਾ ਕਿ Lining of MSW pit and covering of MSW with soil on daily basis for 2 months - Estimated Cost 36.60 lacs only. The tender for above cited work were invited through E-Tendering. Only one tender from the Friends Co-op L/C Society has been received. The rate received is 12.85% less on estimated rate. The tender amount is Rs. 3189690/-. The work is urgent. As per CAP & NGT directions the MSW which is dumped at MSW site has to be covered with soil/earth on daily basis. The Processing Plant is not working due to odour problem and MSW is being deposited in pits. These pit needs to be lined as per MSW rules, 2000. Due to urgency of work, short term tenders were invited. The rte is competitive, which may be approved, please. ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਕਚਰਾ ਪਲਾਂਟ ਵਿੱਚੋਂ ਬਦਬੂ ਆਉਣ ਕਾਰਨ ਅਤੇ ਉਸ ਏਰੀਏ ਦੇ ਲੋਕਾਂ ਦੇ ਪ੍ਰਦਰਸ਼ਨ ਕਰਨ ਤੇ ਜਿਲਾ ਪ੍ਰਸ਼ਾਸਨ ਅਤੇ ਚੇਅਰਮੈਨ ਪ੍ਰਦੂਸ਼ਨ ਕੰਟਰੋਲ ਬੋਰਡ ਨਾਲ ਹੋਈ ਮੀਟਿੰਗ ਤੋਂ ਬਾਦ ਕਚਰਾ ਪਲਾਂਟ ਪੂਰੀ ਤਰ੍ਹਾਂ ਨਾ ਚੱਲਣ ਦੀ ਸੂਰਤ ਵਿੱਚ ਕਚਰੇ ਨੂੰ ਪਿੱਟਸ ਵਿੱਚ ਡੰਪ ਕਰਕੇ ਮਿੱਟੀ ਨਾਲ ਢੱਕਿਆ ਜਾਣਾ ਅਤਿ ਜਰੂਰੀ ਹੈ। ਪਬਲਿਕ ਹਿੱਤਾਂ ਅਤੇ ਸਮੇਂ ਦੀ ਲੋੜ੍ਹ ਨੂੰ ਮੁੱਖ ਰਖਦੇ ਹੋਏ ਤਖਮੀਨੇ ਦੀ ਪ੍ਰਵਾਨਗੀ ਦਿੰਦੇ ਹੋਏ ਆਏ ਰੇਟਾਂ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਮਤਾ ਪ੍ਰਵਾਨ ਹੈ।** |
| 10. | 10 | **ਏਜੰਡਾ ਨੰ: 10**<br>ਰਿਪੋਰਟ ਵਰਕਸ ਸ਼ਾਖਾ ਕਿ (O&M of Public toilets in Bahtinda City - Estimated cost Rs. 32,20,800/-). The tender for this work were invited through E-Tendering. No tender was received for the first times on 16.03.2016. During Re-tender, i.e. on 08.04.2016, only one tender from M/s. Deva Swimming Institute, Gurgaon | |

s

| | | | |
|---|---|---|---|
| | | has been received. The estimated cost per toilet per month is Rs. 17893/-. The rate received is Rs. 24280/- per toilet per month.<br>While framing estimate two employees for 8 hours each were proposed. No provision for female attendant was made. This estimate was based upon the estimate given by M/s. Sulabh International Social Service Organization. It has been observed that females/ ladies avoid and don't use public toilets because there is no female attendant in public toilets. So, after providing one female for 8 locations out of 19 locations, the rate estimated becomes Rs. (17893+7500/2) = Rs. 21643/-. Moreover, EPF & ESIC were not considered in the estimate (13.36% & 4.75%). The estimate rate including ESI+EPF becomes Rs. 25562/-. The rate received is Rs. 24280/-, which may be approved please. The tender cost for 19 toilets will be Rs. 55,35,840/-. ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਜਨਰਲ ਹਾਊਸ ਵੱਲੋਂ ਤਖਮੀਨੇ ਦੀ ਪਾਸ ਕੀਤੀ ਗਈ ਰਕਮ ਮੁਬਲਿਗ 32,20,800/- ਰੁਪਏ ਵਿੱਚ ਹੀ ਕੰਮ ਦਾ ਸਮਾਂ ਘਟਾਉਂਦੇ ਹੋਏ ਪ੍ਰਾਪਤ ਹੋਏ ਰੇਟਾਂ ਤੇ ਪਬਲਿਕ ਟਾਇਲਟ ਠੇਕੇ ਤੇ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।** |
| 11. | 11 | **<u>ਏਜੰਡਾ ਨੰ: 11</u>**<br>ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਬਠਿੰਡਾ ਸ਼ਹਿਰ ਵਿੱਚ ਨੰਦੀ ਫਾਊਂਡੇਸ਼ਨ ਨੂੰ ਵਰਕ ਆਰਡਰ ਨੰਬਰ 251/ਵ ਮਿਤੀ 03.12.2008 ਅਤੇ ਮੈਸ: ਫਾਰਚੂਨ ਇਲੈਕਟਰੋ ਇੰਡੀਆ ਨੂੰ ਵਰਕ ਆਰਡਰ ਨੰਬਰ 84/ਵ ਮਿਤੀ 13.02.2009 ਰਾਹੀਂ ਸ਼ਹਿਰ ਵਿੱਚ ਆਰ.ਓ. ਲਗਾਉਣ ਦਾ ਕੰਮ ਅਲਾਟ ਕੀਤਾ ਗਿਆ ਸੀ। ਇਹਨਾਂ ਆਰ.ਓ. ਦੇ ਰੱਖ ਰਖਾਵ ਦਾ ਕੰਮ 7 ਸਾਲ ਦੇ ਸਮੇਂ ਲਈ ਇਹਨਾਂ ਕੰਪਨੀਆਂ ਵੱਲੋਂ ਹੀ ਕੀਤਾ ਜਾਣਾ ਸੀ। ਇਹ ਕੰਪਨੀਆਂ ਲੋਕਾਂ ਨੂੰ 2.50 ਰੁਪਏ ਪ੍ਰਤੀ 20 ਲੀਟਰ ਦੇ ਹਿਸਾਬ ਨਾਲ ਪਾਣੀ ਵੇਚਦੀਆਂ ਹਨ ਅਤੇ ਇਸਦੇ ਬਦਲੇ ਆਰ.ਓ. ਪਲਾਂਟ ਦਾ ਹਰ ਕਿਸਮ ਦਾ ਰੱਖ-ਰਖਾਵ, ਬਿਜਲੀ ਦਾ ਬਿਲ ਅਤੇ ਆਰ.ਓ. ਪਲਾਂਟ ਵਿੱਚ ਕੰਮ ਕਰਦੇ ਮੁਲਾਜ਼ਮਾਂ ਦੀ ਤਨਖਾਹ ਇਹਨਾਂ ਕੰਪਨੀਆਂ ਵੱਲੋਂ ਦਿੱਤੀ ਜਾਣੀ ਹੈ। ਇਹਨਾਂ ਫਰਮਾਂ ਵੱਲੋਂ ਹੀ ਸਮੇਂ-ਸਮੇਂ ਸਿਰ ਪਾਣੀ ਦੇ ਸੈਂਪਲ ਵੀ ਆਪਣੇ ਤੋਰ ਤੇ ਚੈਕ ਕਰਵਾਏ ਜਾਂਦੇ ਹਨ। ਉਪਰੋਕਤ ਆਰ.ਓ. ਪਲਾਂਟਾਂ ਦੀ ਪਬਲਿਕ ਵੱਲੋਂ ਸਰਾਹਨਾ ਕੀਤੀ ਜਾ ਰਹੀ ਹੈ ਅਤੇ ਕੋਈ ਸ਼ਿਕਾਇਤ ਨਹੀਂ ਹੈ। ਲੋਕਾਂ ਨੂੰ ਸ਼ੁੱਧ ਪਾਣੀ ਸਪਲਾਈ ਹੋ ਰਿਹਾ ਹੈ।<br>ਨੰਦੀ ਫਾਊਂਡੇਸ਼ਨ ਨੇ ਪਹਿਲਾਂ ਆਰ.ਓ. ਮਿਤੀ 01.03.2009 ਨੂੰ ਚਾਲੂ ਕੀਤਾ ਸੀ ਅਤੇ ਆਖਰੀ ਆਰ.ਓ. ਮਿਤੀ 16.05.2009 ਨੂੰ ਚਾਲੂ ਕੀਤਾ ਸੀ। ਇਸੇ ਤਰ੍ਹਾਂ ਮੈਸ: ਫਾਰਚੂਨ ਇਲੈਕਟਰੋ ਇੰਡੀਆ ਵੱਲੋਂ ਪਹਿਲਾਂ ਆਰ.ਓ. ਮਿਤੀ 10.06.2009 ਨੂੰ ਅਤੇ ਆਖਰੀ ਆਰ.ਓ. ਮਿਤੀ 19.12.2011 ਨੂੰ ਚਾਲੂ ਕੀਤਾ ਗਿਆ ਸੀ। ਇਸ ਤਰ੍ਹਾਂ ਨੰਦੀ ਫਾਊਂਡੇਸ਼ਨ ਦੇ 7 ਸਾਲ ਮਿਤੀ 29.02.16 ਤੋਂ 15.05.16 ਦੇ ਸਮੇਂ ਵਿਚਕਾਰ ਅਤੇ ਫਾਰਚੂਨ ਇਲੈਕਟਰੋ ਦੇ 7 ਸਾਲ ਮਿਤੀ 09.06.2016 ਤੋਂ 18.12.2018 ਦੇ ਵਿਚਕਾਰ ਪੂਰੇ ਹੋ ਰਹੇ ਹਨ। ਹੁਣ ਆਰ.ਓਜ਼ ਨੂੰ ਚਾਲੂ ਰੱਖਣ ਲਈ ਦੁਬਾਰਾ ਕਾਰਵਾਈ ਕੀਤੀ ਜਾਣੀ ਹੈ। ਪਰੰਤੂ ਕਿਉਂਕਿ ਵੱਖ-ਵੱਖ ਆਰ.ਓ ਦਾ ਸਮਾਂ ਵੱਖ-ਵੱਖ ਸਮੇਂ ਤੇ ਖਤਮ ਹੋ ਰਿਹਾ ਹੈ। ਇਸ ਲਈ ਸਾਰੇ ਆਰ.ਓ. ਦੇ ਸਮੇਂ ਵਿੱਚ ਇਕਸਾਰਤਾ ਲਿਆਉਣ ਲਈ ਇਹ ਉਚਿਤ ਹੋਵੇਗਾ ਕਿ ਇਹਨਾਂ ਦਾ ਸਮ੍ਹਾਂ ਮਿਤੀ 31.03.2019 ਤੱਕ ਪਹਿਲਾਂ ਵਾਲੀਆਂ ਸ਼ਰਤਾਂ ਤੇ ਹੀ ਵਧਾ ਦਿੱਤਾ ਜਾਵੇ। ਇਸ ਸਬੰਧੀ ਦੋਨਾਂ ਫਰਮਾਂ ਵੱਲੋਂ ਵੀ ਲਿਖ ਕੇ ਦਿੱਤਾ ਹੈ ਕਿ ਉਹ ਪਹਿਲਾਂ ਵਾਲੀਆਂ ਸ਼ਰਤਾਂ ਤੇ ਹੀ ਆਰ.ਓ ਚਲਾਉਣ ਨੂੰ ਤਿਆਰ ਹਨ। ਸੋ ਮਿਤੀ 31.03.2019 ਤੱਕ ਸਾਰੇ ਆਰ.ਓਜ਼ ਦੇ ਰੱਖ-ਰਖਾਵ ਲਈ ਵਾਧੇ ਦਾ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਪਾਸ ਕੀਤਾ ਗਿਆ ਕਿ ਕੇਸ ਜਨਰਲ ਹਾਊਸ ਦੀ ਮੀਟਿੰਗ ਵਿੱਚ ਵਿਚਾਰਨ ਹਿੱਤ ਪੇਸ਼ ਕੀਤਾ ਜਾਵੇ।** |
| 12. | 12 | **<u>ਏਜੰਡਾ ਨੰ: 12</u>**<br>ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਮੌਜੂਦਾ ਸਮੇਂ ਸਿਟੀ ਬੱਸ ਸਰਵਿਸ ਦੀਆਂ 10 ਬੱਸਾਂ ਨਗਰ ਨਿਗਮ ਦੁਆਰਾ ਪੀ.ਆਰ.ਟੀ.ਸੀ. ਨਾਲ ਕੀਤੇ ਐਮ.ਓ.ਯੂ ਅਧੀਨ ਪੀ.ਆਰ.ਟੀ.ਸੀ. ਵੱਲੋਂ ਚਲਾਈਆਂ ਜਾ ਰਹੀਆਂ ਹਨ ਅਤੇ ਇਹਨਾਂ ਦੀ ਦੇਖਭਾਲ ਦਾ ਕੰਮ ਵੀ ਪੀ.ਆਰ.ਟੀ.ਸੀ. ਵੱਲੋਂ ਆਪਣੇ ਖਰਚੇ ਤੇ ਕੀਤਾ ਜਾਂਦਾ ਹੈ। ਇਹਨਾਂ ਬੱਸਾਂ ਤੋਂ ਹੋਣ ਵਾਲੀ ਆਮਦਨ ਵੀ ਪੀ.ਆਰ.ਟੀ.ਸੀ. ਦੁਆਰਾ ਹੀ ਰੱਖੀ | |

<table>
<tr>
<td></td>
<td></td>
<td>ਜਾਂਦੀ ਹੈ।<br>ਹੁਣ ਪੀ.ਆਰ.ਟੀ.ਸੀ. ਵੱਲੋਂ ਲਿਖਿਆ ਗਿਆ ਹੈ ਕਿ ਉਹ ਬੱਸਾਂ ਚਲਾਉਣ ਤੋਂ ਅਸਮਰਥ ਹਨ, ਕਿਉਂ ਕਿ ਇਹਨਾਂ ਬੱਸਾਂ ਵਿੱਚ ਕਾਫੀ ਜਿਆਦਾ ਘਾਟਾ ਪੈ ਰਿਹਾ ਹੈ। ਇਸ ਸਬੰਧੀ ਹੋਈ ਮੀਟਿੰਗ ਵਿੱਚ ਇਹ ਫੈਸਲਾ ਲਿਆ ਗਿਆ ਹੈ ਕਿ ਪੀ.ਆਰ.ਟੀ.ਸੀ. ਨਾਲ ਕੀਤੇ ਗਏ ਐਮ.ਓ.ਯੂ ਨੂੰ ਖਤਮ ਕਰਦੇ ਹੋਏ ਨਗਰ ਨਿਗਮ ਆਪਣੇ ਪੱਧਰ ਤੇ ਉਪਰੋਕਤ 10 ਬੱਸਾਂ ਅਤੇ 20 ਨਵੀਆਂ ਖਰੀਦੀਆਂ ਜਾਣ ਵਾਲੀਆਂ ਮਿੰਨੀ ਬੱਸਾਂ ਦੀ ਦੇਖਭਾਲ ਕਰੇ ਅਤੇ ਇਹਨਾਂ ਨੂੰ ਚਲਾਵੇ। ਨਗਰ ਨਿਗਮ ਵੱਲੋਂ ਪੀ.ਆਰ.ਟੀ.ਸੀ. ਨੂੰ ਜੋ 35.00 ਲੱਖ ਰੁਪਏ ਸ਼ੈਡ ਵਗੈਰਾ ਬਨਾਉਣ ਲਈ ਦਿੱਤੇ ਗਏ ਸਨ, ਉਹ ਨਗਰ ਨਿਗਮ ਨੂੰ ਵਾਪਸ ਕੀਤੇ ਜਾਣਗੇ ਅਤੇ ਚੱਲ ਰਹੀਆਂ 10 ਬੱਸਾਂ ਦੀ ਰੰਗ ਰੋਗਣ ਅਤੇ ਹੋਰ ਰਿਪੇਅਰ ਕਰਕੇ ਨਗਰ ਨਿਗਮ ਨੂੰ ਸੌਂਪ ਦਿੱਤੀਆਂ ਜਾਣਗੀਆਂ।<br>ਇਸ ਤਰ੍ਹਾਂ ਕਰਨ ਨਾਲ ਆਉਣ ਵਾਲੇ ਸਮੇਂ ਵਿੱਚ ਇਹਨਾਂ ਬੱਸਾਂ ਨੂੰ ਚਲਾਉਣ ਦਾ ਪ੍ਰਬੰਧ ਨਗਰ ਨਿਗਮ ਨੂੰ ਆਪਣੇ ਪੱਧਰ ਤੇ ਕਰਨਾ ਹੋਵੇਗਾ। ਇਸ ਸਬੰਧੀ ਵਿਚਾਰ ਕਰਨ ਉਪਰੰਤ ਇਹ ਸੋਚਿਆ ਗਿਆ ਹੈ ਕਿ ਜੇਕਰ ਇਹਨਾਂ ਬੱਸਾਂ ਨੂੰ ਕਿਸੇ ਪ੍ਰਾਈਵੇਟ ਬੱਸ ਆਪਰੇਟਰ ਨੂੰ ਠੇਕੇ ਤੇ ਦਿੱਤਾ ਜਾਂਦਾ ਹੈ ਤਾਂ ਜਿੱਥੇ ਇਹ ਬੱਸਾਂ ਦੀ ਸਹੀ ਤਰੀਕੇ ਨਾਲ ਦੇਖਭਾਲ ਕੀਤੀ ਜਾ ਸਕੇਗੀ, ਉੱਥੇ ਨਗਰ ਨਿਗਮ ਨੂੰ ਠੇਕੇ ਤੋਂ ਆਮਦਨ ਹੋਣੀ ਸ਼ੁਰੂ ਹੋ ਜਾਵੇਗੀ।<br>ਪਹਿਲਾਂ ਚੱਲ ਰਹੀਆਂ 10 ਬੱਸਾਂ ਅਤੇ ਨਵੀਆਂ ਖਰੀਦੀਆਂ ਜਾਣ ਵਾਲੀਆਂ 20 ਮਿੰਨੀ ਬੱਸਾਂ ਨੂੰ ਠੇਕੇ ਤੇ ਦੇਣ ਸਬੰਧੀ ਆਰ.ਐਫ.ਪੀ. ਡਾਕੂਮੈਂਟ ਤਿਆਰ ਕੀਤਾ ਗਿਆ ਹੈ, ਜਿਸ ਵਿੱਚ ਇਸ ਠੇਕੇ ਸਬੰਧੀ ਪੂਰੀ ਡਿਟੇਲ ਦਰਜ਼ ਕੀਤੀ ਗਈ ਹੈ।<br>ਉਪਰੋਕਤ ਨੂੰ ਮੁੱਖ ਰਖਦੇ ਹੋਏ ਉਚਿਤ ਹੋਵੇਗਾ ਕਿ ਇਸ ਸਬੰਧੀ ਨਗਰ ਨਿਗਮ ਦੀ ਫਾਂਇਨੈਂਸ ਅਤੇ ਕੰਟਰੈਕਟ ਕਮੇਟੀ (F&CC) ਤੋਂ ਪ੍ਰਵਾਨਗੀ ਲੈ ਲਈ ਜਾਵੇ ਤਾਂ ਕਿ ਇਸ ਸਬੰਧੀ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਸਕੇ।ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td>
<td>ਪਾਸ ਕੀਤਾ ਗਿਆ ਕਿ ਕੇਸ ਜਨਰਲ ਹਾਊਸ ਦੀ ਮੀਟਿੰਗ ਵਿੱਚ ਵਿਚਾਰਨ ਹਿੱਤ ਪੇਸ਼ ਕੀਤਾ ਜਾਵੇ।</td>
</tr>
<tr>
<td>13.</td>
<td>13</td>
<td><u>ਏਜੰਡਾ ਨੰ: 13</u><br>ਦਫਤਰੀ ਰਿਪੋਰਟ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-
<table>
<tr><td>ਲੜੀ ਨੰ:</td><td>ਵਾਰਡ ਨੰਬਰ</td><td>ਕੰਮ ਦਾ ਨਾਮ</td><td>ਤਖਮੀਨੇ ਦੀ ਰਕਮ (ਲੱਖਾਂ ਵਿੱਚ)</td></tr>
<tr><td>1</td><td></td><td>ਡਿਵੈਲਪਮੈਂਟ ਆਫ ਗਰੀਨ ਬੈਲਟ ਅਰਜੁਨ ਨਗਰ ਗਲੀ ਨੰ: 11/8, ਵਾਰਡ ਨੰਬਰ 9</td><td>8.00</td></tr>
</table>
ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td>
<td>ਪਾਸ ਕੀਤਾ ਗਿਆ ਕਿ ਕੇਸ ਜਨਰਲ ਹਾਊਸ ਦੀ ਮੀਟਿੰਗ ਵਿੱਚ ਵਿਚਾਰਨ ਹਿੱਤ ਪੇਸ਼ ਕੀਤਾ ਜਾਵੇ।</td>
</tr>
</table>

## <u>ਇਸ ਉਪਰੰਤ ਹੇਠ ਲਿਖੇ ਅਨੁਸਾਰ ਸਪਲੀਮੈਂਟਰੀ ਏਜੰਡੇ ਤੇ ਵਿਚਾਰ ਕੀਤਾ ਗਿਆ</u>

s

## ਨਗਰ ਨਿਗਮ, ਬਠਿੰਡਾ

## ਐਫ.ਐਂਡ ਸੀ.ਸੀ. ਦੀ ਮੀਟਿੰਗ ਮਿਤੀ 21.04.2016 ਨੂੰ ਦੁਪਹਿਰ 12.00 ਵਜੇ ਵਿੱਚ ਵਿਚਾਰਿਆ ਜਾਣ ਵਾਲਾ ਸਪਲੀਮੈਂਟਰੀ ਏਜੰਡਾ

| ਲੜੀ ਨੰ: | ਮਤਾ ਨੰ: | ਏਜੰਡਾ ਆਈਟਮ ਨੰ: | ਮਤਾ ਜੋ ਪਾਸ ਹੋਇਆ |
|---|---|---|---|
| 1. | 14 | ਏਜੰਡਾ ਨੰ: 1<br>ਰਿਪੋਰਟ ਓ.ਐਂਡ ਐਮ.ਸ਼ਾਖਾ ਕਿ ਸਪਲਾਈ ਆਫ ਡਰਿਕਿੰਗ ਵਾਟਰ, ਵਾਟਰ ਟੈਂਕਰਜ਼ ਇਨ ਵੈਰੀਅਸ ਪਾਰਟਸ ਆਫ ਸਿਟੀ ਸਬੰਧੀ ਦਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਟੈਂਕਰਾਂ ਨਾਲ ਪਾਣੀ ਸਪਲਾਈ ਕਰਨ ਲਈ ਮਿਤੀ 11.04.2016 ਤੱਕ ਟੈਂਡਰ ਮੰਗੇ ਗਏ ਸਨ। ਇਹ ਟੈਂਡਰ ਈ-ਟੈਂਡਰ ਪ੍ਰਣਾਲੀ ਰਾਹੀਂ ਮੰਗੇ ਗਏ ਸਨ। ਟੈਂਡਰ "ਦੀ ਫਰੈਂਡਜ਼ ਕੋ-ਅੱਪ ਐਲ.ਸੀ. ਸੋਸਾਇਟੀ" ਅਤੇ "ਜੈ ਹਿੰਦ ਕੋ-ਅੱਪ ਐਲ.ਸੀ. ਸੋਸਾਇਟੀ ਵੱਲੋਂ ਭਰੇ ਗਏ ਸਨ। ਜੈ ਹਿੰਦ ਸੋਸਾਇਟੀ ਵੱਲੋਂ E/M ਨਾ ਦਿੱਤੇ ਜਾਣ ਕਾਰਨ ਉਸਦਾ ਟੈਂਡਰ ਨਹੀਂ ਖੋਲਿਆ ਗਿਆ ਸੀ, ਜਿਸ ਕਾਰਨ ਸਿਰਫ "ਦੀ ਫਰੈਂਡਜ਼ ਕੋ-ਅੱਪ ਸੋਸਾਇਟੀ" ਦੇ ਰੇਟ ਹੀ ਖੋਲੇ ਗਏ ਸਨ। ਸੋਸਾਇਟੀ ਨੇ 25% above ਰੇਟਾਂ ਦੀ ਮੰਗ ਕੀਤੀ ਸੀ। ਰੇਟ ਵੱਧ ਹੋਣ ਕਾਰਨ ਸੋਸਾਇਟੀ ਨੂੰ ਰੇਟ ਘਟਾਉਣ ਲਈ ਲਿਖਿਆ ਗਿਆ ਸੀ। ਹੁਣ ਸੋਸਾਇਟੀ ਵੱਲੋਂ ਐਸਟੀਮੇਟ ਤੋਂ 10% ਵੱਧ ਰੇਟਾਂ ਤੇ ਕੰਮ ਕਰਨ ਦੀ ਸਹਿਮਤੀ ਦਿੱਤੀ ਹੈ। ਇੱਥੇ ਇਹ ਵੀ ਦਸਿਆ ਜਾਂਦਾ ਹੈ ਕਿ ਪਹਿਲਾਂ ਵਾਲੇ ਠੇਕੇਦਾਰ ਦਾ ਸਮਾਂ ਪਹਿਲਾਂ ਹੀ ਮਿਤੀ 04.04.2016 ਨੂੰ ਸਮਾਪਤ ਹੋ ਚੁੱਕਾ ਹੈ। ਹੁਣ ਸ਼ਹਿਰ ਵਿੱਚ ਪਾਣੀ ਸਪਲਾਈ ਕਰਨ ਲਈ ਭਾਰੀ ਦਿੱਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਐਸਟੀਮੇਟ ਪਿਛਲੇ ਸਾਲ ਦੇ ਰੇਟਾਂ ਦੇ ਆਧਾਰ ਤੇ ਬਣਿਆ ਹੈ। ਠੇਕੇਦਾਰ/ਸੋਸਾਇਟੀ ਵੱਲੋਂ 10% ਵੱਧ ਰੇਟਾਂ ਦੀ ਮੰਗ ਕੀਤੀ ਹੈ। ਆਏ ਰੇਟਾਂ ਤੇ ਵਿਚਾਰ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | ਜਿੰਨ੍ਹਾਂ ਇਲਾਕਿਆਂ ਵਿੱਚ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਅਜੇ ਤੱਕ ਨਹੀਂ ਪਾਈਆਂ ਗਈਆਂ, ਉਹਨਾਂ ਇਲਾਕਿਆਂ ਦੇ ਵਸਨੀਕਾਂ ਨੂੰ ਪੀਣ ਵਾਲਾ ਪਾਣੀ ਟੈਕਰਾਂ ਦੁਆਰਾ ਸਪਲਾਈ ਕੀਤਾ ਜਾਂਦਾ ਹੈ। ਇਸਤੋਂ ਇਲਾਵਾ ਗਰਮੀ ਜਿਆਦਾ ਹੋਣ ਕਾਰਨ ਵੀ ਸ਼ਹਿਰ ਵਿੱਚ ਪੀਣ ਵਾਲੇ ਪਾਣੀ ਦੀ ਮੰਗ ਬਹੁਤ ਜਿਆਦਾ ਵੱਧ ਗਈ ਹੈ। ਲੋਕਾਂ ਦੀ ਜਰੂਰਤ ਨੂੰ ਮੁੱਖ ਰਖਦੇ ਹੋਏ ਜੱਦ ਤੱਕ ਨਵਾਂ ਟੈਂਡਰ ਕਾਲ ਕਰਕੇ ਪਾਸ ਨਹੀਂ ਕਰ ਦਿੱਤਾ ਜਾਂਦਾ, ਤੱਦ ਤੱਕ ਆਏ ਰੇਟਾਂ ਤੇ ਪ੍ਰਵਾਨਗੀ ਦਿੰਦੇ ਹੋਏ ਮਤਾ ਪ੍ਰਵਾਨ ਕੀਤਾ ਜਾਂਦਾ ਹੈ। |

ਸਹੀ/-
ਮੇਅਰ
ਨਗਰ ਨਿਗਮ, ਬਠਿੰਡਾ।

s